# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਰਾਜ ਦੇ ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
4. ਰਾਜ ਦੇ ਸਮੂਹ ਡੀ.ਆਰ.ਪੀ.(ਟੈਕਸਟ ਬੁੱਕਸ)
5. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/83668-747
ਮਿਤੀ,ਚੰਡੀਗੜ੍ਹ 12-09-2011

ਵਿਸ਼ਾ :- ਅਧਿਆਪਕ ਡਾਇਰੀ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਅੱਪਰ-ਪ੍ਰਾਇਮਰੀ ਵਰਗ ਦੇ ਜਮਾਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਨੂੰ ਪੜ੍ਹਾ ਰਹੇ ਹਰੇਕ ਵਿਸ਼ੇ ਦੇ ਅਧਿਆਪਕਾਂ ਲਈ "ਅਧਿਆਪਕ ਡਾਇਰੀ" ਤਿਆਰ ਹੋ ਚੁੱਕੀ ਹੈ ਅਤੇ ਫੀਲਡ ਵਿੱਚ ਪਹੁੰਚ ਚੁੱਕੀ ਹੈ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਅੱਪਰ-ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾ ਰਹੇ ਵਿਸ਼ਾ ਅਧਿਆਪਕਾਂ ਦੀ ਗਿਣਤੀ ਮੁਤਾਬਿਕ ਜੇਕਰ ਅਧਿਆਪਕ ਡਾਇਰੀ ਨਹੀਂ ਪਹੁੰਚੀ ਤਾਂ ਤੁਰੰਤ ਸਬੰਧਤ ਬੀ.ਆਰ.ਪੀ. ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਹਰ ਅਧਿਆਪਕ ਨੂੰ ਡਾਇਰੀ ਮਿਲ ਸਕੇ।

4.0 ਇਹ ਅਧਿਆਪਕ ਡਾਇਰੀ, ਪਿਛਲੇ ਸਾਲ ਅਧਿਆਪਕਾਂ ਤੋਂ ਆਈ ਮੰਗ ਨੂੰ ਦੇਖਦੇ ਹੋਏ ਰੋਜ਼ਾਨਾ ਲਿਖਣ ਦੀ ਹਦਾਇਤ ਕੀਤੀ ਜਾਂਦੀ ਹੈ ।

5.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਫ਼ਤੇ ਵਿੱਚ ਇੱਕ ਵਾਰ ਅਧਿਆਪਕ ਡਾਇਰੀ ਨੂੰ ਟਿੱਪਣੀ ਸਹਿਤ ਪ੍ਰਤੀਹਸਤਾਖ਼ਰ ਵੀ ਕੀਤਾ ਜਾਵੇ।

6.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਵੱਖ-ਵੱਖ ਐਸੋਸੀਏਸ਼ਨਾਂ ਵੱਲੋਂ ਆਏ ਸੁਝਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਮੋਨੀਟਰ ਡਾਇਰੀਆਂ ਇਸ ਸਾਲ ਸਕੂਲਾਂ ਵਿੱਚ ਨਹੀਂ ਭੇਜੀਆਂ ਜਾਣਗੀਆਂ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸਹੀ/-

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ